
# ਗੁਰੂ ਨਾਨਕ ਦੇਵ

## ਜੀਵਨ, ਦਰਸ਼ਨ ਤੇ ਵਿਰਾਸਤ



ਮੁੱਖ ਸੰਪਾਦਕ : ਪ੍ਰੋ. ਹਰਪ੍ਰੀਤ ਕੌਰ

ਸਹਿ-ਸੰਪਾਦਕ : ਡਾ. ਹਰਵਿੰਦਰ ਸਿੰਘ

ਸਲੋਕ ਮਹਲਾ ੧

ਦੀਵਾ ਬਲੈ ਅੰਧੇਰਾ ਜਾਇ॥
ਬੇਦ ਪਾਠ ਮਤਿ ਪਾਪਾ ਖਾਇ॥
ਉਗਵੈ ਸੂਰੁ ਨ ਜਾਪੈ ਚੰਦੁ॥
ਜਹ ਗਿਆਨ ਪ੍ਰਗਾਸ ਅਗਿਆਨੁ ਮਿਟੰਤੁ॥

**(ਵਾਰ ਸੂਹੀ ਕੀ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੭੯੧)**

ਸਚਹੁ ਓਰੈ ਸਭੁ ਕੋ ਉਪਰਿ ਸਚਿ ਆਚਾਰੁ

TRUTH IS THE HIGHEST OF ALL VIRTUES BUT TRUE LIVING IS HIGHER STILL

ਮਾਤਾ ਸੁੰਦਰੀ ਕਾਲਜ ਫਾਰ ਵੁਮੈਨ
ਦਿੱਲੀ ਯੂਨੀਵਰਸਿਟੀ
ਦਿੱਲੀ-110002

Mata Sundri College For Women
Delhi University
Delhi-110002

International Publisher for the publication
of Indian and Foreign Books

**Representative Offices :**
Minnie Grewal, 5 Sylvid Court, Loretto, ONT. LOG. CANADA
Balbir Kaur Sanghera, 1266 Roper Dr. Milton ONT. L9T 6E6 CANADA

**ISBN : 81-87654-02-3**

# Guru Nanak Dev : Jiwan, Darshan Te Virasat

Cheif Editor
**Prof. Harpreet Kaur ©**

Co- Editor
**Dr. Harwinder Singh**

Cover :
Painting by Arpana Cour

2021

*Publication :*
**Manpreet Parkashan**
16/16 Ist Floor, Geeta Colony, Delhi-31
Mobile : 93122 71252, E-mail : manpreet1948@gmail.com

Printer : R. K. Offset, Delhi

Rs. : 875/-

19. ਗੁਰੂ ਨਾਨਕ ਦੀ ਵਿਚਾਰਧਾਰਾ : 275
ਸਾਕਾ 47, ਪੰਜਾਬ ਦੀ ਪੀੜ, ਗੁਆਚਿਆ ਵਿਰਸਾ
**-ਡਾ. ਸਵਰਨ ਜੀਤ ਕੌਰ**

20. ਕਿਰਤ ਕਰੋ, ਵੰਡ ਛਕੋ, ਨਾਮ ਜਪੋ : 283
ਸੰਕਲਪਾਤਮਕ ਅਧਿਐਨ
**-ਬੇਅੰਤ ਕੌਰ**

21. ੴ-ਸੰਕਲਪ, ਦਰਸ਼ਨ ਤੇ ਪਰੰਪਰਾਗਤ ਚਿੰਤਨ 292
**-ਰੇਸ਼ਮ ਸਿੰਘ**

22. ਗੁਰੂ ਨਾਨਕ ਬਾਣੀ : ਅੰਤਰ-ਸੰਵਾਦ 298
**-ਪ੍ਰੋ. ਹਰਪ੍ਰੀਤ ਕੌਰ**

23. ਗੁਰੂ ਨਾਨਕ ਦਾ ਸਾਹਿਤਕ ਵਿਰਸਾ ਤੇ ਵਿਰਾਸਤ 305
**-ਬਲਬੀਰ ਮਾਧੋਪੁਰੀ**

24. ਨਾਨਕ ਬਾਣੀ ਦਾ ਉੱਤਰ-ਆਧੁਨਿਕ ਪਰਿਪੇਖ 312
**-ਡਾ. ਵਨੀਤਾ**

25. ਗੁਰੂ ਨਾਨਕ : ਸਾਂਝੀਵਾਲਤਾ ਤੇ ਮਨੁੱਖਤਾ ਦੇ ਰਹਿਬਰ 322
**-ਡਾ. ਵੀਨਾਕਸ਼ੀ ਸ਼ਰਮਾ**

26. ਗੁਰੂ ਨਾਨਕ ਦੇਵ : ਨਿਮਾਣਿਆਂ ਦਾ ਮਾਣ 328
(ਹਾਸ਼ੀਆਗਤ ਧਿਰਾਂ ਦੇ ਸੰਦਰਭ ਵਿਚ)
**-ਡਾ. ਸਿਮਰਨ ਸੇਠੀ**

27. ਗੁਰੂ ਸਰੂਪ ਦਾ ਸਿੱਖ ਪਰਿਪੇਖ : ਪੁਨਰ ਚਿੰਤਨ 335
**-ਡਾ. ਹਰਪਾਲ ਸਿੰਘ**

28. ਵੇਖ ਵਿਡਾਣ ਰਹਿਆ ਵਿਸਮਾਦ : ਕੁਦਰਤ ਚੇਤਨਾ 347
**-ਡਾ. ਕਿਰਨਜੀਤ ਸੇਠੀ**

# ਗੁਰੂ ਨਾਨਕ ਬਾਣੀ : ਅੰਤਰ-ਸੰਵਾਦ

-ਪ੍ਰੋ. ਹਰਪ੍ਰੀਤ ਕੌਰ

ਵੀਹਵੀਂ ਸਦੀ ਦੇ ਆਖ਼ਰੀ ਅਤੇ 21ਵੀਂ ਸਦੀ ਦੇ ਪਹਿਲੇ ਦਹਾਕੇ 'ਚ ਕਈ ਮਹੱਤਵਪੂਰਨ ਵਰਤਾਰੇ ਸਾਹਮਣੇ ਆਉਂਦੇ ਹਨ। ਇਨ੍ਹਾਂ ਦਹਾਕਿਆਂ 'ਚ ਸੂਚਨਾ-ਸੰਚਾਰ ਕ੍ਰਾਂਤੀ, ਬਿਜਲਈ ਸਾਧਨ, ਬਾਜ਼ਾਰਵਾਦ, ਖਪਤਵਾਦ, ਤਕਨੀਕ ਤੇ ਕਾਰਪੋਰੇਟੀ ਘਰਾਣਿਆਂ ਦੇ ਪੂੰਜੀ ਨਿਵੇਸ਼ ਨੇ, ਦੁਨੀਆਂ ਦੇ ਦੇਸ਼, ਜਿੰਨਾਂ ਨੂੰ ਯੂਰਪ 'ਚ ਵਿਕਾਸਸ਼ੀਲ ਦੇਸ਼ਾਂ ਦਾ ਦਰਜਾ ਦਿੰਦੇ ਹਨ। ਜਿਸ ਢੰਗ ਨਾਲ ਇਨ੍ਹਾਂ ਦੇਸਾਂ ਦੇ ਸਭਿਆਚਾਰਕ, ਭਾਸ਼ਾਈ ਮਸਲਿਆਂ ਨੂੰ ਅਸਹਿਜ ਤਰੀਕੇ ਨਾਲ ਬਦਲਿਆ ਜਾ ਰਿਹਾ ਹੈ; ਉਹ ਆਪਣੇ ਆਪ 'ਚ ਪੂਰੀ ਤਰ੍ਹਾਂ ਸੱਤਾ ਦਾ ਪ੍ਰਵਚਨ (Discourse of Power) ਹੈ। ਇਸ ਵਰਤਾਰੇ ਦੇ ਸਮਨਾਂਤਰ ਜਿਸ ਤਰ੍ਹਾਂ ਦਾ ਪ੍ਰਤੀਰੋਧ ਹੋਣ ਦੀ ਉਮੀਦ ਕੀਤੀ ਜਾ ਰਹੀ ਸੀ: ਪਰ ਉਹ ਅਸਰਦਾਰ ਢੰਗ ਨਾਲ ਸਾਹਮਣੇ ਨਹੀਂ ਆਈਆਂ ਕਿਉਂਕਿ ਵਿਚਾਰਧਾਰਕ ਵਿਰੋਧ ਨੂੰ ਇਕ ਖ਼ਾਸ ਤਰੀਕੇ ਨਾਲ ਦਬਾ ਦਿੱਤਾ ਗਿਆ। ਇਥੋਂ ਤੱਕ ਕਿ ਪੂੰਜੀਵਾਦ ਨੇ ਖਪਤਕਾਰੀ ਸਤਿਆਚਾਰ ਦੇ ਮਾਡਲ ਨੂੰ ਰਾਜ ਭਲਾਈ, ਕਲਿਆਣਕਾਰੀ ਰਾਜ (Welfare state) ਵਜੋਂ ਸਥਾਪਤ ਕੀਤਾ। ਦੇਸਾਂ, ਕਬੀਲਿਆਂ ਦੀ ਸਭਿਆਚਾਰਕ ਵੰਨ-ਸੁਵੰਨਤਾ ਨੂੰ ਵਿਸ਼ਵ ਇਕ ਪਿੰਡ ਵਜੋਂ ਪ੍ਰਚਾਰ ਕੇ, ਪੂੰਜੀ ਸਭਿਆਚਾਰ ਨੂੰ ਸਥਾਪਤ ਕੀਤਾ। ਇਸ ਦੌਰਾਨ ਨਵੇਂ ਗਿਆਨ, ਤਕਨੀਕ, ਵਸਤੂਆਂ ਦੇ ਹੜ੍ਹ ਨੇ, ਨਿਮਨ ਦੇਸਾਂ, ਨਿਮਨ ਸਭਿਆਚਾਰ ਅਤੇ ਤਕਨੀਕ 'ਰਹਿਤ ਸਮਾਜ 'ਚ ਖ਼ਾਸ ਤਰੀਕੇ ਦੀ ਹੀਣਤਾ ਪੈਦਾ ਹੋਈ । ਜਦੋਂ ਮਨੁੱਖ ਦੇ ਗਿਆਨ ਦਾ ਆਧਾਰ ਤਕਨੀਕ, ਵਸਤੂਆਂ ਤੱਕ ਕੇਂਦਰਿਤ ਕਰ ਦਿੱਤਾ ਜਾਵੇ ਤਾਂ ਸਮਾਜ 'ਚ ਬਿਖਰਾਉ, ਟੁੱਟ-ਭੱਜ, ਕਦਰਾਂ-ਕੀਮਤਾਂ ਦੀ ਗਿਰਾਵਟ, ਸਭਿਆਚਾਰਕ ਵਿਸ਼ਵਾਸਾਂ 'ਚ ਤਰੇੜਾਂ, ਸਮਾਜਕ ਭਾਈਚਾਰੇ 'ਚ ਅਵਿਸ਼ਵਾਸ ਦਾ ਮਾਹੌਲ ਦਾ ਪੈਦਾ ਹੋਣਾ ਸੁਭਾਵਕ ਹੈ। ਸੈਮੁਅਲ ਪੀ. ਹਟਿੰਗਟਨ (Samual P. Huntington) ਇਨ੍ਹਾਂ ਨੂੰ 'ਸਭਿਆਤਾਵਾਂ ਦੇ ਭੇੜ' ਦੀ ਸਦੀ ਆਖਦਾ ਹੈ। ਜਿਸ ਵਿੱਚ ਉਹ ਸਭਿਆਚਾਰਕ ਬਣਤਰਾਂ, ਪਛਾਣਾਂ ਦੀ ਸਿਆਸਤ, ਸੰਸਾਰ ਦੀ ਆਰਥਕ ਸੱਤਾ ਵੱਲੋਂ ਸਿਰਜੇ ਜਾ ਰਹੇ ਸਮਾਜਾਂ ਦੀ ਬਣਤਰ, ਆਪਸੀ ਖਾਨਾਜੰਗੀ ਦਾ ਭੈਅ, ਪਰਵਾਸ, ਹਿਜਰਤ, ਪੱਛਮੀ ਸਮਾਜਾਂ ਦੀ

20ਵੀਂ ਸਦੀ ਵਿਚ ਬਾਣੀ ਦੇ ਅਧਿਐਨ 'ਚੋਂ ਗੁਰਮਤਿ ਦੀਆਂ, ਉਹ ਕਸਵੱਟੀਆਂ ਨਿਸਚਤ ਕੀਤੀਆਂ ਗਈਆਂ ਜਿਹੜੀਆਂ ਸਿੱਖ ਪੰਥ ਨੂੰ ਇਕ ਸੰਸਥਾਗਤ ਰੂਪ ਪ੍ਰਦਾਨ ਕਰਦੀਆਂ ਹਨ, ਜਿਵੇਂ ਸੇਵਾ ਦਾ ਸੰਕਲਪ, ਨਾਮ ਦਾ ਸੰਕਲਪ, ਨੈਤਿਕਤਾ ਦਾ ਸੰਕਲਪ, ਨਾਰੀ ਦ੍ਰਿਸ਼ਟੀ, ਗੁਰਮਤਿ ਅਤੇ ਵਿਗਿਆਨ, ਦਲਿਤ ਪਰਿਪੇਖ ਆਦਿ। ਇਸੇ ਹੀ ਗੁਰਮਤਿ ਰੌਸ਼ਨੀ ਤਹਿਤ ਗੁਰਮਤਿ ਨਿਰਣੇ, ਗੁਰਬਾਣੀ ਅਤੇ ਦੂਸਰੇ ਮਜ਼ਹਬਾਂ, ਵੱਖੋ-ਵੱਖ ਮੱਤਾਂ-ਵਿਸ਼ਵਾਸਾਂ ਦੀ ਤੁਲਨਾ ਵਧੇਰੇ ਕੀਤੀ ਗਈ ਹੈ। ਇਹ ਤੁਲਨਾ ਦੂਸਰੀਆਂ ਗਿਆਨ ਪਰੰਪਰਾਵਾਂ ਦੇ ਸਮਾਨਾਂਤਰ ਗੁਰਬਾਣੀ ਦੀ ਸਮਕਾਲਿਕ ਅਤੇ ਸਰਵਕਾਲਿਕ ਪ੍ਰਸੰਗਿਕਤਾ ਨੂੰ ਦਰਸਾਉਣ ਦਾ ਯਤਨ ਕਰਦੀਆਂ ਹਨ। ਇਹ ਯਤਨ ਉਸ ਸਮੇਂ ਦੀਆਂ ਲੋੜਾਂ ਦੀ ਪੈਦਾਇਸ਼ ਸੀ। ਅੱਜ ਜਿਸ ਰਫ਼ਤਾਰ ਨਾਲ ਸਾਰਾ ਵਰਤਾਰਾ ਬਦਲਦਾ ਅਤੇ ਬਦਲਿਆ ਜਾ ਰਿਹਾ ਹੈ ਅਤੇ ਸਾਡੇ ਸਨਮੁਖ ਸੰਯੁਕਤ ਸਮਾਜ, ਸੰਵਾਦ ਦੀ ਗੁੰਜਾਇਸ਼, ਧਾਰਮਿਕ ਸਦਭਾਵਨਾ, ਸਾਂਝੀਵਾਲਤਾ, ਸਹਿਣਸ਼ੀਲਤਾ ਤੇ ਵਾਤਾਵਰਣਿਕ ਮਸਲੇ ਹੋਰ ਪੇਚੀਦਾ ਹੋ ਰਹੇ ਹਨ ਤਾਂ ਗੁਰੂ ਸਾਹਿਬ ਦੇ ਪਾਵਨ ਬੋਲ—"ਹਉ ਭਾਲਿ ਵਿਕੁਨੀ ॥ ਆਧੇਰੈ ਰਾਹੁ ਨ ਕੋਈ ॥" ਯਾਦ ਆਉਂਦੇ ਹਨ।

ਨਾਨਕ ਬਾਣੀ 'ਚ ਵਾਰ-ਵਾਰ ਕੁਦਰਤ ਦੇ ਰਹੱਸਾਂ, ਪ੍ਰਕਿਰਤੀ ਚਿਤਰਣ, ਅਨੇਕ ਜੀਆ-ਜੰਤ, ਕੀਟ-ਪਤੰਗਾਂ, ਪਾਣੀਆਂ ਦੀ ਕਲ-ਕਲ, ਬਿਰਖਾਂ-ਬੂਟਿਆਂ ਦਾ ਆਲੇਖ ਹੈ। ਨਾਨਕ ਬਾਣੀ, ਗੁਰੂ ਨਾਨਕ ਦੀ ਅਸਲੀ ਰੂਹ ਹੈ। ਸਮਾਂ ਸਵਾਲ ਕਰਦਾ ਹੈ ਕਿ ਨਾਨਕ-ਬਾਣੀ ਵਾਰ-ਵਾਰ ਕੁਦਰਤ ਦੇ ਗੀਤ ਗਾਉਂਦੀ ਹੈ ਪਰ ਉਹ ਕੁਦਰਤ ਕਿੱਥੇ ਹੈ...?? ਗੁਰੂ ਨਾਨਕ ਆਪਣੇ ਪ੍ਰੀਤਮ ਨਾਲ ਵਣ 'ਚ ਮਿਲਾਪ ਲੋਚਦੇ ਹਨ "ਬਨ ਫੂਲੇ ਮੰਝ ਬਾਰਿ ਪ੍ਰਿਯ ਆਉ ਘਰੇ...", ਪਰ ਉਹ ਜੰਗਲ ਕਿੱਥੇ ਹੈ...?? ਇਸ ਲਈ ਕੌਣ ਜ਼ਿੰਮੇਵਾਰ ਹੈ...? ਇਹ ਪਾਣੀ ਮੈਲਾ, ਮਿੱਟੀ ਮੈਲੀ, ਪੌਣ ਪਲੀਤ ਕਿਸ ਨੇ ਕੀਤੀ...? ਗੁਰੂ ਦੀ ਰਬਾਬ ਕਿੱਥੇ ਹੈ ਤੇ ਰਬਾਬੀ ਮਰਦਾਨਾ ਕਿੱਥੇ ਹੈ...??